## ਪੰਜਾਬ ਸਕੂਲ ਸਿੱਖਿਆ ਬੋਰਡ

### ਸਾਲ/ਸੈਸ਼ਨ 2017-18 ਵਿੱਚ ਗਿਆਰ੍ਹਵੀਂ ਸ਼੍ਰੇਣੀ ਵਿੱਚ ਗਰੁੱਪ ਦੀ ਸੋਧ ਸਬੰਧੀ।

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਪੰਜਾਬ ਰਾਜ ਦੇ ਸਮੂਹ ਸਕੂਲ ਮੁੱਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਲ/ਸੈਸ਼ਨ 2017-18 ਵਿੱਚ ਜਿਹੜੇ ਸਕੂਲਾਂ ਵੱਲੋਂ ਗਿਆਰ੍ਹਵੀਂ ਸ਼੍ਰੇਣੀ ਵਿੱਚ ਆਨ-ਲਾਈਨ ਐਂਟਰੀ ਕਰਦੇ ਸਮੇਂ ਵਿਦਿਆਰਥੀਆਂ ਦੇ ਗਰੁੱਪ ਦੀ ਐਂਟਰੀ ਗਲਤ ਹੋ ਗਈ ਸੀ, ਪ੍ਰੰਤੂ ਉਹ ਗਰੁੱਪ ਉਹਨਾਂ ਨੇ ਗਿਆਰ੍ਹਵੀਂ ਸ਼੍ਰੇਣੀ ਵਿੱਚ ਪੜ੍ਹਿਆ ਨਹੀਂ ਸੀ, ਉਹ ਸਕੂਲ ਦਾ ਲੈਟਰ ਪੈਡ, ਗਿਆਰ੍ਹਵੀਂ ਸ਼੍ਰੇਣੀ ਦੇ ਦਾਖਲਾ ਖਾਰਜ ਰਜਿਸਟਰ ਦੀ ਤਸਦੀਕਸ਼ੁਦਾ ਕਾਪੀ, ਗਿਆਰ੍ਹਵੀਂ ਸ਼੍ਰੇਣੀ ਪਾਸ ਕਰਨ ਦੇ ਸਬੂਤ ਦੀ ਤਸਦੀਕ ਸ਼ੁਦਾ ਫੋਟੋ- ਕਾਪੀ ਅਤੇ 150/- ਰੁਪਏ ਸੋਧ ਫੀਸ ਦੇ ਕੇ ਮਿਤੀ 16-10-2018 ਤੱਕ ਮੁੱਖ ਦਫਤਰ, ਮੁਹਾਲੀ ਰਜਿਸਟਰੇਸ਼ਨ ਸ਼ਾਖਾ ਵਿੱਚ ਸੋਧ ਕਰਵਾ ਸਕਦੇ ਹਨ। ਮਿੱਥੀ ਮਿਤੀ ਤੱਕ ਜੇਕਰ ਕੋਈ ਸਕੂਲ ਸਾਲ/ਸੈਸ਼ਨ 2017-18 ਵਿੱਚ ਗਿਆਰ੍ਹਵੀਂ ਸ਼੍ਰੇਣੀ ਵਿੱਚ ਹੋਈ ਗਲਤ ਗਰੁੱਪ ਦੀ ਆਨ-ਲਾਈਨ ਐਂਟਰੀ ਦੀ ਸੋਧ ਨਹੀਂ ਕਰਵਾਉਂਦਾ, ਤਾਂ ਉਸਦੇ ਵੇਰਵੇ T1 ਫਾਰਮ (ਬਾਰ੍ਹਵੀਂ ਸ਼੍ਰੇਣੀ) ਵਿੱਚ ਗਲਤ ਦਰਜ ਹੋ ਜਾਣਗੇ ਜਿਸ ਦੀ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

ਸਹੀ/-

ਡਾਇਰੈਕਟਰ (ਕੰਪਿ. ਸੈੱਲ)